Class-X

Tender Heart High School Sec- 33 B Chd.
Topic - ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ'
Assignment no - (10) By Ramandeep Kaur

**ਨੋਟ** — ਵਿਦਿਆਰਥੀ ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' ਨੂੰ ਘੱਟੋ-ਘੱਟ 3-4 ਵਾਰ ਪੜ੍ਹਨਗੇ। ਲੇਖਕ 'ਪਾਲੀ ਭੁਪਿੰਦਰ ਸਿੰਘ' ਨੇ ਬੱਚਿਆਂ ਦੀ ਮਾਨਸਿਕਤਾ ਅਤੇ ਮਾਪਿਆਂ ਦੀਆਂ ਉਮੀਦਾਂ ਨੂੰ ਬੜੇ ਸਰਲ ਢੰਗ ਨਾਲ ਦਰਸਾਇਆ ਹੈ। ਇਸ ਇਕਾਂਗੀ ਦੀ ਭਾਸ਼ਾ ਸਰਲ ਹੈ, ਜਿਸ ਨਾਲ ਵਿਸ਼ੇ ਨੂੰ ਸਮਝਣ ਵਿੱਚ ਵਧੇਰੇ ਔਖ ਨਹੀਂ ਹੋਵੇਗੀ।

**ਸਾਰ** — ਇਸ ਇਕਾਂਗੀ ਵਿੱਚ ਅਜੋਕੇ ਯੁੱਗ ਦੇ ਬੱਚਿਆਂ ਅਤੇ ਮਾਪਿਆਂ ਦੀ ਮਾਨਸਿਕ ਸਥਿਤੀ ਨੂੰ ਦਰਸਾਇਆ ਗਿਆ ਹੈ।

**ਭੂਮਿਕਾ** — ਨਿੱਕੀ ਬਹੁਤ ਪਰੇਸ਼ਾਨ ਹੋ ਕੇ ਆਪਣਾ ਕੰਮ ਕਰਦੀ ਨਜ਼ਰ ਆਉਂਦੀ ਹੈ। ਉਸਨੂੰ ਸਕੂਲ ਦਾ ਕੰਮ ਬੋਝ ਲਗਦਾ ਹੈ। ਉਸਦੇ ਭਰਾ ਵਿੱਕੀ ਦਾ ਵੀ ਇਹੋ ਹਾਲ ਉਹ ਇੱਕ ਵਿਸ਼ੇ ਦਾ ਕੰਮ ਮੁਕਾਉਂਦੇ ਹਨ, ਫਿਰ ਦੂਜੇ ਦੀ ਤਿਆਰੀ ਅਤੇ ਫਿਰ ਮਾਪਿਆਂ ਵੱਲੋਂ ਕਰੜੀਆਂ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ ਕਿ ਤੁਸੀਂ ਟਿਊਸ਼ਨ ਵੀ ਜਾਣਾ ਹੈ। ਬੱਚਿਆਂ ਦਾ ਜੀਅ ਖੇਡਣ ਨੂੰ ਕਰਦਾ ਹੈ ਪਰ ਉਹਨਾਂ ਦੀ ਕੌਣ ਸੁਣਦਾ ਹੈ। ਮਾਤਾ-ਪਿਤਾ ਕਿਸੇ ਦੇ ਘਰ ਜਾਂਦੇ ਹਨ ਅਤੇ ਬੱਚਿਆਂ ਨੂੰ ਸਿਰਫ਼ ਪੜ੍ਹਨ ਲਈ ਕਹਿ ਕੇ ਜਾਂਦੇ ਹਨ।

**ਵਿੱਕੀ ਦਾ ਟਿਊਸ਼ਨ ਪੜ੍ਹ ਕੇ ਪਰਤਣਾ** – ਵਿੱਕੀ ਟਿਊਸ਼ਨ ਪੜ੍ਹ ਕੇ ਆਉਂਦਾ ਹੈ। ਥੱਕਿਆ-ਟੁੱਟਿਆ, ਚਿਹਰੇ ਤੇ ਨਮੋਸ਼ੀ ਅਤੇ ਬਹੁਤ ਹੀ ਨਾ-ਖੁਸ਼। ਉਸਤੋਂ ਆਪਣਾ

Class-X Punjabi Lit.
Topic - 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ'
Assignment no - (10) By Ramandeep Kaur

ਬਸਤਾ ਵੀ ਨਹੀਂ ਸੀ ਉਤਾਰਿਆ ਜਾ ਰਿਹਾ। ਨਿੱਕੀ ਉਸਨੂੰ ਦੱਸਦੀ ਹੈ ਕਿ ਮੰਮੀ-ਪਾਪਾ ਸ਼ਰਮਾ ਜੀ ਦੇ ਘਰ ਗਏ ਹਨ ਅਤੇ ਕਹਿ ਕੇ ਗਏ ਹਨ ਕਿ ਜਦੋਂ ਤੱਕ ਪਰਤਦੇ ਨਹੀਂ, ਉਦੋਂ ਤੱਕ ਅਸੀਂ ਆਪਣਾ ਹੋਮਵਰਕ ਹੀ ਕਰਨਾ ਹੈ।

ਭੈਣ-ਭਰਾ ਦਾ ਆਪਸ ਵਿੱਚ ਗੱਲਾਂ ਕਰਨਾ - ਨਿੱਕੀ ਅਤੇ ਵਿੱਕੀ ਆਪਸ ਵਿੱਚ ਆਪਣੇ ਮਨ ਦੀਆਂ ਗੱਲਾਂ ਕਰਦੇ ਹਨ। ਉਹ ਸੋਚਦੇ ਹਨ ਕਿ ਸਾਡੇ ਤੇ ਕੋਈ ਤਰਸ ਨਹੀਂ ਕਰਦਾ। ਸਾਰਾ ਦਿਨ ਪੜ੍ਹਨਾ, ਕਦੇ ਸਕੂਲ ਦਾ ਕੰਮ, ਕਦੇ ਟਿਊਸ਼ਨ ਪਰ ਸਾਡੇ ਦਿਲ ਦੀ ਗੱਲ ਕੋਈ ਨਹੀਂ ਬੁਝਦਾ। ਅਸੀਂ ਕਦੋਂ ਖੇਡਾਂਗੇ ਅਤੇ ਸਾਡਾ ਟੀ.ਵੀ ਦਾ ਮਜ਼ਾ। ਸਵੇਰ ਤੋਂ ਸ਼ਾਮ ਤੱਕ ਸਿਰਫ ਪੜ੍ਹਨਾ। ਸਾਡੇ ਨਾਲੋਂ ਤਾਂ ਖੋਤੇ ਹੀ ਚੰਗੇ ਹਨ ਜਿਹੜੇ ਸਿਰਫ ਭਾਰ ਢੋਂਦੇ ਹਨ ਪਰ ਅਸੀਂ ਪੜ੍ਹਨਾ ਵੀ ਹੈ ਅਤੇ ਬਸਤੇ ਦਾ ਬੋਝ ਵੀ ਢੋਣਾ ਹੈ। ਸਾਡਾ ਪਤਾ ਨਹੀਂ ਕੀ ਬਣੇਗਾ।

ਜੇ.ਡੀ ਦਾ ਘਰ ਵਿੱਚ ਆਉਣਾ - ਜੇ ਡੀ ਬੜਾ ਨਿਸਚਿੰਤ ਬੱਚਾ, ਪੜ੍ਹਾਈ ਦਾ ਕੋਈ ਬੋਝ ਨਹੀਂ, ਆਪਣੀ ਮਰਜ਼ੀ ਦਾ ਮਾਲਕ। ਹੱਥ ਵਿੱਚ ਉਸਦੇ ਬੈਟ ਹੈ ਅਤੇ ਨਿੱਕੀ ਅਤੇ ਵਿੱਕੀ ਨੂੰ ਪੜ੍ਹਦੇ ਵੇਖਕੇ, ਹੈਰਾਨ ਹੁੰਦਾ ਹੈ। ਉਹਨਾਂ ਨੂੰ ਮਜ਼ਾਕ ਜਿਹਾ ਕਰਦਾ ਹੋਇਆ ਕਹਿੰਦਾ ਹੈ ਚੰਗੇ ਬੱਚੇ ਹਮੇਸ਼ਾਂ ਪੜ੍ਹਦੇ ਹਨ। ਉਹ ਤਾਂ ਉਹਨਾਂ ਨਾਲ ਖੇਡਣ ਆਇਆ ਸੀ, ਪਰ ਇੱਥੇ ਤਾਂ ਪੜ੍ਹਾਈ ਹੋ ਰਹੀ ਹੈ, ਚਲੋ ਮੈਂ ਤਾਂ ਮੁੜਦਾ ਹਾਂ ਪਰ ਨਿੱਕੀ ਅਤੇ ਵਿੱਕੀ ਉਸਨੂੰ ਰੋਕ ਲੈਂਦੇ ਹਨ ਅਤੇ ਕਹਿੰਦੇ ਹਨ ਕਿ ਅਸੀਂ ਟੋਚ ਕਰਨ

Assignment no – (10)

Class-X Punjabi lit.

Topic- 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' By Ramandeep kaur

ਲਈ ਨਹੀਂ ਪੜ੍ਹਦੇ ਅਸੀਂ ਤਾਂ ਮੰਮੀ-ਪਾਪਾ ਦੇ ਡਰ ਤੋਂ ਪੜ੍ਹਦੇ ਹਾਂ। ਮੰਮੀ ਪਾਪਾ ਚਾਹੁੰਦੇ ਹਨ ਕਿ ਅਸੀਂ ਪੜ੍ਹ ਕੇ ਡਾਕਟਰ ਜਾਂ ਇੰਜਨੀਅਰ ਬਣ ਜਾਈਏ। ਪਰ ਜੋਗੀ ਦੇ ਮਾਤਾ-ਪਿਤਾ ਉਸਨੂੰ ਪੜ੍ਹਨ ਵਾਸਤੇ ਮਜ਼ਬੂਰ ਨਹੀਂ ਕਰਦੇ। ਉਹ ਮਰਜ਼ੀ ਨਾਲ ਪੜ੍ਹਦਾ ਹੈ। ਉਹ ਆਪਣੇ ਪਿਤਾ ਜੀ ਦੀ ਸੋਚ ਅਧਿਆਪਕ ਨਾਲ ਹੋਈ ਗੱਲ ਦੱਸਦਾ ਹੈ ਕਿ ਜੇ ਮੈਂ ਨਾ ਪੜ੍ਹਿਆ ਤਾਂ ਮੈਨੂੰ ਪੋਲਿਟਿਕਸ (ਰਾਜਨੀਤੀ) ਵਿੱਚ ਪਾ ਦੇਣਗੇ।

ਮੁਹੱਲੇ ਦੇ ਬੱਚਿਆਂ ਦੀ ਸਭਾ – ਲਿਲੀ, ਰੋਜ਼ੀ ਅਤੇ ਜੋਗੀ ਮੁਹੱਲੇ ਦੇ ਬੱਚਿਆਂ ਨੂੰ ਇਕੱਠਾ ਕਰਕੇ ਇੱਕ ਸਭਾ ਬੁਲਾਉਂਦੇ ਹਨ। ਸਾਰੇ ਵੱਡੇ-ਛੋਟੇ ਬੱਚੇ ਹੱਥ ਵਿੱਚ ਸੋਟੇ ਫੜ ਕੇ 'ਬਸਤਾਵਾਦ ਹਾਏ ਹਾਏ' ਕਰਦੇ ਹਨ। ਸਾਨੂੰ ਖੇਡਣ ਲਈ ਸਮਾਂ ਦਿਓ, ਸਾਨੂੰ ਹੋਮਵਰਕ ਘੱਟ ਦਿਓ, ਕੋਈ ਕਹਿੰਦਾ ਮੰਮੀ ਦੇ ਗੱਲ ਘੰਟੀ ਬੰਨੋ, ਸਾਡਾ ਵੀ ਮਨੋਰੰਜਨ ਹੋਣਾ ਚਾਹੀਦਾ, ਅਸੀਂ ਫੀਸ ਅਤੇ ਬਸਤੇ ਦੇ ਬੋਝ ਹੇਠਾਂ ਦੱਬ ਜਾਵਾਂਗੇ। ਸਾਡੀਆਂ ਸਮੱਸਿਆਵਾਂ ਦਾ ਹੱਲ ਹੋਣਾ ਚਾਹੀਦਾ ਹੈ। ਬੱਚੇ ਆਪਣੇ ਘਰ ਨੂੰ ਚਲੇ ਜਾਂਦੇ ਹਨ ਅਤੇ ਲਿਲੀ ਅਤੇ ਰੋਜ਼ੀ ਉਦਾਸ ਆਪਣੇ ਕਮਰੇ ਵਿੱਚ ਬੈਠ ਜਾਂਦੇ ਹਨ।

ਨੋਟ ਇਕਾਂਗੀ ਦਾ ਬਾਕੀ ਭਾਗ ਅਗਲੇ ਹਫਤੇ ਵਿਚਾਰਿਆ ਜਾਏਗਾ। ਵਿਦਿਆਰਥੀ ਇਸਦੇ ਵਿਸ਼ੇ ਨੂੰ ਸਮਝਣ ਦਾ ਯਤਨ ਕਰਨਗੇ।

Last page